ਜਾਂਦੀ ਹੈ। ਨੌਕਰ ਦਾ ਧਿਆਨ ਕੰਮ ਤੋਂ ਹਟ ਜਾਂਦਾ ਹੈ। ਇਸ ਪ੍ਰਕਾਰ ਨੌਕਰ ਦੇ ਗੁਣ ਪ੍ਰਗਟ ਕਰਨ ਨਾਲ ਮਨੁੱਖ ਦੀ ਆਮ ਲੋਕਾਂ ਵਿਚ ਪ੍ਰਸੰਸਾ ਘੱਟ ਜਾਂਦੀ ਹੈ ਕਿਉਂਕਿ ਸੰਸਾਰ ਵਿਚ ਮਾਲਿਕ ਅਤੇ ਨੌਕਰ ਦਾ ਰਿਸ਼ਤਾ ਇਕੋ ਸਤਰ ਤੇ ਨਹੀਂ ਚੱਲ ਸਕਦਾ। (2) ਇਸੇ ਪ੍ਰਕਾਰ ਪੁੱਤਰ ਦੇ ਗੁਣ ਛੁਪਾਉਣੇ ਨਹੀਂ ਚਾਹੀਦੇ। ਪੁੱਤਰ ਕੁਲ ਦਾ ਸ਼ਿੰਗਾਰ ਹੈ। ਉਸ ਦੇ ਗੁਣਾਂ ਨੂੰ ਪ੍ਰਗਟ ਨਾ ਕਰਨ ਨਾਲ ਘਰੇਲੂ ਸਬੰਧਾਂ ਵਿਚ ਦਰਾਰ ਪੈਦਾ ਹੋ ਜਾਂਦੀ ਹੈ। ਸੋ ਪੁੱਤਰ ਦੇ ਚੰਗੇ ਗੁਣਾਂ ਲਈ ਉਸ ਦੀ ਪ੍ਰਸੰਸਾ ਕਰਨੀ ਚਾਹੀਦੀ ਹੈ। ਅਜਿਹਾ ਕਰਨ ਨਾਲ ਉਹ ਪੁੱਤਰ ਪਿਤਾ ਪ੍ਰਤੀ ਸਮਰਪਿਤ ਭਾਵ ਰੱਖੇਗਾ ਅਤੇ ਪਰਿਵਾਰ ਦਾ ਧਿਆਨ ਰੱਖੇਗਾ।

ਆਚਾਰਿਆ ਜੀ ਇਸਤਰੀ ਪ੍ਰਤੀ ਆਖਦੇ ਹਨ ਕਿ ਉਨ੍ਹਾਂ ਦੇ ਗੁਣ ਅਤੇ ਅਵਗੁਣ ਲੋਕਾ ਕੇ ਰੱਖਣੇ ਚਾਹੀਦੇ ਹਨ। ਇਸਤਰੀ ਦੇ ਰੂਪ ਆਦਿ ਦੀ ਪ੍ਰਸੰਸਾ ਕਰਨ ਨਾਲ, ਦੂਸਰੇ ਸੁਣਨ ਵਾਲੇ ਦੇ ਮਨ ਵਿਚ ਵਿਕਾਰ ਉਤਪੰਨ ਹੋ ਸਕਦੇ ਹਨ। ਇਸਤਰੀਆਂ ਗੁਣਾਂ ਦੇ ਪ੍ਰਗਟ ਹੋਣ ਨਾਲ ਘਮੰਡੀ ਹੋ ਸਕਦੀਆਂ ਹਨ। ਕਈ ਵਾਰ ਅਵਗੁਣ ਦੱਸਣ ਨਾਲ ਇਸਤਰੀਆਂ ਗਲਤ ਰਾਹ 'ਤੇ ਚੱਲ ਸਕਦੀਆਂ ਹਨ। ਉਹ ਆਪਣੇ ਪ੍ਰਤੀ ਗਲਤ ਵਿਚਾਰ ਵੀ ਬਣਾ ਸਕਦੀਆਂ ਹਨ। ਸੋ ਇਸਤਰੀ ਦੇ ਗੁਣਾਂ ਦੇ ਪ੍ਰਗਟ ਕਰਨ ਲੱਗਿਆਂ ਧਿਆਨ ਰੱਖਣਾ ਚਾਹੀਦਾ ਹੈ।

## ਵਸ਼ੀਕਰਣ ਮੰਤਰ

ਜੰਪਿੱਜਇ ਪਿਅਵਯਣਂ ਕਿੱਜਇ ਵਿਣਓ ਅ ਦਿੱਜਏ ਦਾਣਂ ।

ਪਰਗੁਣ ਗਹਣਂ ਕਿੱਜਇ ਅਮੂਲ ਮੰਤਂ ਵਸੀਕਰਣਂ ।।੧੮।।

ਸਲੋਕ ।੪ : ਪਿਆਰ ਨਾਲ ਬੋਲਣਾ, ਵਿਨੈ (ਸੇਵਾ ਭਗਤੀ) ਕਰਨਾ, ਦਾਨ ਦੇਣ ਅਤੇ ਦੂਸਰੇ ਦੇ ਗੁਣਾਂ ਨੂੰ ਗ੍ਰਹਿਣ ਕਰਨਾ ਇਹ ਵਸ਼ੀਕਰਨ ਮੰਤਰ ਹਨ।

ਟੀਕਾ : ਮੰਤਰ ਸ਼ਾਸਤਰ ਵਿਚ ਵਸ਼ੀਕਰਨ ਮੰਤਰ ਦਾ ਆਪਣਾ ਮਹੱਤਵ ਹੈ। ਇੱਥੇ ਆਚਾਰਿਆ ਸ੍ਰੀ ਨੇ ਵਸ਼ੀਕਰਨ ਮੰਤਰ ਦਾ ਸਵਰੂਪ ਨਵੇਂ ਰੂਪ ਵਿਚ ਪੇਸ਼ ਕੀਤਾ ਹੈ। ਆਚਾਰਿਆ ਸ੍ਰੀ ਪਦਮ ਜਿਨੇਸ਼ਵਰ ਸੂਰੀ ਆਖਦੇ ਹਨ ਕਿ ਮੰਤਰ ਸ਼ਾਸਤਰਾਂ ਦਾ ਵਸ਼ੀਕਰਨ ਦੀ ਸਾਧਨਾ ਲਈ ਕਠੋਰ ਸਾਧਨਾ ਕਰਨੀ ਪੈਂਦੀ ਹੈ। ਪਰ ਵਸ਼ੀਕਰਨ ਮੰਤਰ ਤਾਂ ਹਰ ਮਨੁੱਖ ਦੀ ਆਤਮਾ ਅੰਦਰ ਸਮਾਇਆ ਹੋਇਆ ਹੈ। ਉਸ ਨੂੰ ਪ੍ਰਗਟ ਕਰਨ ਲਈ ਹੰਕਾਰ ਰਹਿਤ ਹੋ ਕੇ ਜੀਵ ਨੂੰ ਇਨ੍ਹਾਂ ਖਾਸ ਗੱਲਾਂ ਦਾ ਧਿਆਨ ਰੱਖਣਾ ਪੈਂਦਾ ਹੈ। ਪਹਿਲਾ ਹੈ ਮਿੱਠਾ ਬੋਲਣਾ। ਮਿੱਠਾ ਬੋਲਣ ਨਾਲ ਕਰੋਧ ਖ਼ਤਮ ਹੁੰਦਾ ਹੈ। ਆਪਣੀ ਆਤਮਾ ਅਤੇ ਸਾਹਮਣੇ ਵਾਲੇ ਦੀ ਆਤਮਾ ਨੂੰ ਸੁੱਖ ਮਿਲਦਾ ਹੈ। ਮਿਠਾਸ ਵਿਸ਼ਵ ਮਿੱਤਰਤਾ ਦੀ ਨਿਸ਼ਾਨੀ ਹੈ। ਮਿਠਾਸ ਦੇ ਨਾਲ ਨਰਮੀ ਵੀ ਜ਼ਰੂਰੀ ਹੈ। ਮਿੱਠਾ ਬੋਲਣ ਵਾਲਾ ਜਦੋਂ ਕਰੋਧ ਤੋਂ ਛੁਟਕਾਰਾ ਪਾਉਂਦਾ ਹੈ ਤਾਂ ਉਹ ਕਿਸੇ ਵੀ ਜੀਵ ਪ੍ਰਤੀ ਘ੍ਰਿਣਾ, ਦਵੇਸ਼ ਪੈਦਾ ਨਹੀਂ ਕਰਦਾ। ਮਿਠਾਸ ਦੇ ਨਾਲ ਹੀ ਨਰਮੀ ਦਾ ਪੈਦਾ

ਹੋਣਾ ਸਹਿਜ ਹੈ। ਸਹਿਜ ਲਈ ਹੀ ਦੂਸਰੇ ਮਨੁੱਖ ਗੁਣਾ ਨੂੰ ਸਵੀਕਾਰ ਕਰਦਾ ਹੈ। ਵਸ਼ੀਕਰਨ ਮੰਤਰ ਦੀ ਸਾਧਨਾ ਦੀਆਂ ਦੋ ਵਿਧੀਆਂ ਹਨ। (1) ਹਠ ਯੋਗ (2) ਰਾਜ ਯੋਗ।

ਹਠ ਯੋਗ ਵਿਚ ਮੰਤਰ ਦਾ ਜਾਪ ਕੀਤਾ ਜਾਂਦਾ ਹੈ। ਹਠਯੋਗ ਰਾਹੀਂ ਸਿੱਧ ਕੀਤਾ ਮੰਤਰ ਲੰਬਾ ਸਮਾਂ ਸੁੱਖ ਨਹੀਂ ਦਿੰਦਾ।

ਰਾਜਯੋਗ ਹੀ ਭਲਾਈ ਦਾ ਮਾਰਗ ਹੈ। ਅਚਾਰਿਆ ਸ੍ਰੀ ਪਦਮ ਜਿਨੇਸ਼ਵਰ ਸੁਰੀ ਜੀ ਇਸੇ ਰਾਜ ਯੋਗ ਦਾ ਉਪਦੇਸ਼ ਦਿੰਦੇ ਹਨ। ਇਸ ਲਈ ਕਪਟ ਰਹਿਤ ਜੀਵਨ ਵਿਨੈਵਾਨ ਹਿਰਦੇ ਰਾਹੀਂ ਕੀਤਾ ਪਰਉਪਕਾਰ ਹੈ। ਦੂਸਰੇ ਦੇ ਗੁਣ ਗ੍ਰਹਿਣ ਕਰਨ ਵੀ ਸੱਚਾ ਰਾਜਯੋਗ ਹੈ। ਇਹੋ ਵਸ਼ੀਕਰਣ ਮੰਤਰ ਹੈ। ਸ਼ੇਖ ਫਰੀਦ ਜੀ ਨੇ ਵੀ ਇਸ ਤਰ੍ਹਾਂ ਦੇ ਵਿਚਾਰ ਗੁਰੂ ਬਾਣੀ ਵਿਚ ਪ੍ਰਗਟਾਏ ਹਨ। ਉਹ ਆਖਦੇ ਹਨ ਕਿ ਮਿੱਠਾ ਬੋਲਣਾ, ਨਿਵ ਕੇ ਰਹਿਣਾ, ਪ੍ਰਮਾਤਮਾ ਦੀ ਭਗਤੀ ਕਰਨਾ ਇਹ ਤਿੰਨੇ ਹੀ ਵਸ਼ੀਕਰਨ ਮੰਤਰ ਹਨ। ਇਨ੍ਹਾਂ ਦੇ ਧਾਰਨ ਕਰਨ ਵਾਲਾ ਪ੍ਰਮਾਤਮਾ ਰੂਪੀ ਪਤੀ ਨੂੰ ਵਸ ਵਿਚ ਕਰ ਲੈਂਦਾ ਹੈ। ਹੁਣ ਆਚਾਰਿਆ ਸ੍ਰੀ ਪਦਮ ਜਿਨੇਸ਼ਵਰ ਸੁਰੀ ਜੀ ਸਭ ਕਾਰਜ ਸਿੱਧ ਕਰਨ ਦਾ ਗੁਰ ਦੱਸਦੇ ਹਨ।

पत्थावे जंपिज्जइ सम्माणिज्जइ खलोवि बहु मज्झे ।
नज्जइ सपरविसेसो सथलत्या तस्स सिज्झंति ।।१९।।

ਸਲੋਕ 19 : ਯੋਗ ਸਮੇਂ ਤੇ ਬੋਲਣਾ, ਬਹੁਤੇ ਮਨੁੱਖ ਵਿਚ ਵੀ ਮਾੜੇ ਮਨੁੱਖ ਦਾ ਆਦਰ ਕਰਨਾ ਅਤੇ ਆਪਣੇ ਵਿਚ ਅਤੇ ਦੂਸਰੇ ਵਿਚ ਖਾਸ ਫਰਕ ਸਮਝਣ ਨਾਲ ਸਭ ਕਾਰਜ ਸਿੱਧ ਹੁੰਦੇ ਹਨ।

ਟੀਕਾ : ਮਨੁੱਖ ਨੂੰ ਚਾਹੀਦਾ ਹੈ ਕਿ ਯੋਗ ਸਮੇਂ ਤੇ ਯੋਗ ਗੱਲ ਕਰੇ, ਕਿਉਂਕਿ ਬੇ-ਸਮੇਂ ਕੀਤੀ ਗੱਲ ਬੇ-ਸਮੇ ਹੋਈ ਵਰਖਾ ਦੀ ਤਰ੍ਹਾਂ ਹੈ। ਇਸ ਦਾ ਭਾਵ ਹੈ ਕਿ ਮਨੁੱਖ ਨੂੰ ਬੋਲਣ ਤੋਂ ਪਹਿਲਾਂ ਤੋਲਣਾ (ਸੋਚਣਾ) ਚਾਹੀਦਾ ਹੈ। ਤੋਲਣ ਤੋਂ ਬਾਅਦ ਹੀ ਫੈਸਲਾ ਕਰ ਲੈਣਾ ਚਾਹੀਦਾ ਹੈ।

ਸੰਸਾਰ ਵਿਚ ਚੰਗੇ ਮਾੜੇ ਕਈ ਪ੍ਰਕਾਰ ਦੇ ਪ੍ਰਾਣੀ ਹਨ। ਸੱਚਾ ਮਨੁੱਖ ਸਭ ਦਾ ਮੰਗਲ ਕਲਿਆਣ ਅਤੇ ਭਲਾ ਮੰਗਦਾ ਹੈ। ਬੁਰਾ ਮਨੁੱਖ ਆਪਣੀ ਬੁਰਾਈ ਛੱਡਦਾ, ਚੰਗਾ ਮਨੁੱਖ ਆਪਣੀ ਅੱਛਾਈ ਨਹੀਂ ਛੱਡਦਾ। ਚੰਗੇ ਮਨੁੱਖ ਦਾ ਕਈ ਵਾਰ ਮਾੜੇ ਮਨੁੱਖ ਨਾਲ ਵਾਸਤਾ ਪੈਂਦਾ ਹੈ। ਮਾੜਾ ਮਨੁੱਖ ਭਰੀ ਸਭਾ ਵਿਚ ਚੰਗੇ ਮਨੁੱਖ ਤੇ ਝੂਠੇ ਦੋਸ਼ ਲਾਉਂਦਾ ਹੈ। ਚੰਗਾ ਮਨੁੱਖ ਵਿਵੇਕ ਅਤੇ ਸਹਿਣਸ਼ੀਲਤਾ ਦਾ ਪ੍ਰਗਟਾਵਾ ਕਰਦਾ ਹੈ। ਦੁਸ਼ਟ ਮਨੁੱਖ ਪ੍ਰਤੀ ਕਰੋਧ, ਦਵੇਸ਼ ਨਹੀਂ ਕਰਦਾ। ਸਗੋਂ ਉਸ ਦੇ ਆਖੇ ਬੋਲਾਂ ਨੂੰ ਖਿਮਾ ਕਰ ਦਿੰਦਾ ਹੈ। ਖਿਮਾ ਦੇ ਗੁਣ ਕਾਰਨ ਜੀਵ ਸਾਰੇ ਪ੍ਰਕਾਰ ਦੇ ਕੰਮ ਸੰਵਾਰ ਲੈਂਦਾ ਹੈ।

ਤੀਸਰੀ ਗੱਲ ਆਚਾਰਿਆ ਜੀ ਨੇ ਇਹ ਆਖੀ ਹੈ ਕਿ ਚੰਗਾ ਮਨੁੱਖ ਮਾੜੇ ਮਨੁੱਖ ਦੀ ਆਦਤ ਨੂੰ ਜਾਣਦਾ ਹੋਇਆ ਆਪਣੇ ਅਤੇ ਦੂਸਰੇ ਵਿਚ ਫਰਕ ਸਮਝ ਲੈਂਦਾ ਹੈ। ਸਮਝਦਾਰ ਵਿਅਕਤੀ ਵਿਵੇਕਪੂਰਨ ਵਰਤਾਓ

ਨਾਲ ਸਾਰੇ ਸੰਸਾਰ ਤੇ ਜਿੱਤ ਹਾਸਲ ਕਰਦਾ ਹੈ।

ਇਸ ਤੋਂ ਅੱਗੇ ਆਚਾਰਿਆ ਸ੍ਰੀ ਪਦਮ ਜਿਨੇਸ਼ਵਰ ਸੂਰੀ ਜੀ ਮਾਨਦਾਨੀ ਮਨੁੱਖ ਦੇ ਗੁਣ ਬਿਆਨ ਕਰਦੇ ਹਨ।

मंत तंताणं न पारो गम्मइ नइ परगहेअ बीएहिं ।

पड़िवन्नं पालिज्जइ सुकुलीणत्तं हवइ एवं ।।२०।।

ਸਲੋਕ 20 : ਮੰਤਰ ਅਤੇ ਤੰਤਰ ਨਹੀਂ ਰੱਖਣਾ, ਦੂਸਰੇ ਦੇ ਘਰ ਇਕੱਲਾ ਨਾ ਜਾਣਾ, ਅੰਗੀਕਾਰ ਕੀਤਾ (ਸੰਜਮ ਜਾਂ ਵਰਤ) ਪੂਰਨ ਰੂਪ ਵਿਚ ਕਰਨ ਨਾਲ ਕੁਲੀਨਤਾ ਪ੍ਰਾਪਤ ਹੁੰਦੀ ਹੈ।

ਟੀਕਾ : ਸ਼ਾਸਤਰਕਾਰ ਨੇ ਇਥੇ ਕੁਲੀਨ ਦਾ ਲੱਛਣ ਦੱਸਿਆ ਹੈ। ਜੈਨ ਧਰਮ ਕਿਸੇ ਖਾਸ ਜਾਤ, ਕੁਲ ਜਾਂ ਵਰਣ ਵਿਚ ਪੈਦਾ ਹੋਏ ਮਨੁੱਖ ਨੂੰ ਉੱਚਾ ਨਹੀਂ ਮੰਨਦਾ। ਜੈਨ ਧਰਮ ਵਿਚ ਮਨੁੱਖ ਦੇ ਕੰਮ ਹੀ ਉਸ ਦੀ ਪਛਾਣ ਹਨ। ਸੱਚਾ ਕੁਲੀਨ ਕੌਣ ਹੈ ? ਸੱਚਾ ਕੁਲੀਨ ਦਾ ਆਧਾਰ ਗੁਣ ਹੈ ਨਾ ਕਿ ਜਨਮ ਜਾਤ ਉੱਚੀ ਜਾਤੀ। ਜੋ ਗੁਣ ਕੁਲੀਨ ਵਿਚ ਚਾਹੀਦੇ ਹਨ ਸ਼ਾਸਤਰਕਾਰ ਨੇ ਉਨ੍ਹਾਂ ਨੂੰ ਸੰਖੇਪ ਵਿਚ ਦੱਸਿਆ ਹੈ।

ਪਹਿਲਾ ਹੈ ਜੰਤਰ ਮੰਤਰ ਅਤੇ ਤੰਤਰ ਦਾ ਤਿਆਗ। ਮੰਤਰ ਸ਼ਾਸਤਰ ਦਾ ਆਧਾਰ ਹਠਯੋਗ ਹੈ ਜਦੋਂ ਕਿ ਕੁਲੀਨ ਵਿਅਕਤੀ ਰਾਜਯੋਗ

ਤੇ ਚੱਲਦਾ ਹੈ। ਮੰਤਰ ਪ੍ਰਤੀ ਸ਼ਰਧਾ ਕਾਰਨ [illegible] ਦਾ ਜੀਵਨ ਅਤੇ ਪ੍ਰਤੀ ਗਿਆਨ ਅਤੇ ਵਿਸ਼ਵਾਸ ਸਮਾਪਤ ਹੋ ਸਕਦਾ ਹੈ। ਕਈ ਮਿਥਿਆਤਵੀ ਦੇਵਤਿਆਂ ਦੀ ਅਰਾਧਨਾ ਵੀ ਇਨ੍ਹਾਂ ਮੰਤਰਾਂ ਵਿਚ ਕੀਤੀ ਹੈ। ਮੰਤਰ ਕਾਰਨ ਮਨੁੱਖ ਕਰਮ ਫਲ ਤੋਂ ਡਰਦਾ ਹੈ ਪਰ ਜੀਵਨ ਦੀ ਸਮੁੱਚੀ ਪ੍ਰਕਿਰਿਆ ਦਾ ਕੇਂਦਰ ਕਰਮ ਹੈ। ਸੋ ਕੁਲੀਨ ਮਨੁੱਖ ਮੰਤਰ ਜੰਤਰ ਦੇ ਜਾਲ ਵਿਚ ਨਾ ਫਸ ਕੇ ਆਪਣਾ ਸ਼ੁਭ ਕਰਮ ਕਰਦਾ ਹੈ। ਇਹੋ ਕੁਲੀਨਤਾ ਦਾ ਪਹਿਲਾ ਲੱਛਣ ਹੈ। ਕੁਲੀਨ ਵਿਅਕਤੀ ਆਪਣੀ ਯੋਗਤਾ ਅਤੇ ਕਰਮ ਫਲ ਨਾਲ ਹਰ ਵਸਤੂ ਪ੍ਰਾਪਤ ਕਰਦਾ ਹੈ। ਉਹ ਜੰਤਰ ਮੰਤਰ ਦੀ ਥਾਂ ਕਰਮ ਵਿਚ ਵਿਸ਼ਵਾਸ ਰੱਖਦਾ ਹੈ।

ਦੂਸਰਾ ਲੱਛਣ ਹੈ ਕਿ ਖਾਨਦਾਨੀ ਮਨੁੱਖ ਪਰਾਏ ਘਰ ਵਿਚ ਇਕੱਲਾ ਨਾ ਜਾਣ ਦਾ ਨਿਯਮ ਪਾਲਦਾ ਹੈ। ਪਰਾਏ ਘਰ ਵਿਚ ਇਕਲਾ ਜਾਣ ਨਾਲ ਚੋਰੀ ਅਤੇ ਵਿਅਭੀਚਾਰ ਦਾ ਦੋਸ਼ ਕੁਲੀਨ ਵਿਅਕਤੀ ਤੇ ਲੱਗ ਸਕਦਾ ਹੈ। ਇਸ ਤਰ੍ਹਾਂ ਦੇ ਦੋਸ਼ ਤੋਂ ਬਚਦਾ ਹੋਇਆ ਜੀਵ ਝੂਠੇ ਕਲੰਕ ਲੱਗਣ ਤੋਂ ਬਚਦਾ ਹੈ।

ਤੀਸਰੀ ਗੱਲ ਕੁਲੀਨ ਵਿਅਕਤੀ ਦੀ ਇਹ ਹੈ ਕਿ ਉਹ ਆਪਣੇ ਵਚਨ ਦਾ ਪੱਕਾ ਹੁੰਦਾ ਹੈ। ਕਿਸੇ ਦਾ ਭਲਾ ਕਰਦਾ ਹੋਇਆ ਉਹ ਅਨੇਕਾਂ ਕਸ਼ਟ, ਵਿਘਨ ਸਹਿਣ ਕਰਦਾ ਹੈ। ਦੂਸਰੇ ਵਿਅਕਤੀ ਦੀ ਅੰਤਰ ਆਤਮਾ ਨਾਲ ਮਦਦ ਕਰਦਾ ਹੈ। ਕਦੇ ਵੀ ਉਸ (ਦੂਸਰੇ ਵਿਅਕਤੀ) ਦਾ

ਸਾਥ ਨਹੀ ਛੱਡਦਾ।

ਅੱਗੇ ਆਚਾਰਿਆ ਸ਼੍ਰੀ ਪਦਮ ਜਿਨੇਸ਼ਵਰ ਸੂਰੀ ਜੀ ਪ੍ਰੇਮ ਨੂੰ ਮਜਬੂਤੀ ਦੇਣ ਲਈ ਮਹੱਤਵਪੂਰਨ ਇਸ਼ਾਰੇ ਦਿੰਦੇ ਹਨ।

भुंजइ भुंजा विज्जइ पुच्छिज्ज मणोगयं कहिज्ज सयं ।
दिज्जइ लिज्जइ उचिअं इछिज्जइ जइ थिरं पिम्मं ।।२१।।

ਸਲੋਕ 21 : ਜੋ ਮਨੁੱਖ ਪ੍ਰੇਮ ਨੂੰ ਮਜ਼ਬੂਤ ਰੱਖਣਾ ਚਾਹੇ ਤਾਂ ਉਸ ਨੂੰ ਚਾਹੀਦਾ ਹੈ ਕਿ ਉਹ ਮਿੱਤਰ ਦੇ ਘਰ ਭੋਜਨ ਕਰੇ। ਉਸ ਨੂੰ ਆਪਣੇ ਘਰ ਭੋਜਨ ਤੇ ਬੁਲਾਵੇ, ਮਨ ਦੇ ਭੇਦ ਪੁੱਛੇ ਅਤੇ ਆਪਣੇ ਭੇਦ ਆਖੇ ਅਤੇ ਯੋਗ ਵਸਤੂ ਲਵੇ ਅਤੇ ਦੇਵੇ।

ਟੀਕਾ : ਜੰਗਲ ਵਿਚ ਰਹਿਣਾ ਸਰਲ ਹੈ ਪਰ ਬਿਨਾਂ ਪ੍ਰੇਮ ਦੇ ਮਨੁੱਖ ਇਕ ਪਲ ਵੀ ਨਹੀਂ ਜੀ ਸਕਦਾ। ਇਸ ਲਈ ਜ਼ਿੰਦਗੀ ਵਿਚ ਮਨੁੱਖ ਨੂੰ ਘੱਟੋ ਘੱਟ ਇਕ ਮਿੱਤਰ ਜ਼ਰੂਰ ਬਣਾਉਣਾ ਚਾਹੀਦਾ ਹੈ। ਜਿਸ ਦਾ ਜੀਵਨ ਸਵਾਰਥ ਰਹਿਤ ਹੋਵੇ। ਉਸ ਲਈ ਕੁਝ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ। ਸਭ ਤੋਂ ਵੱਡੀ ਗੱਲ ਹੈ ਮਿੱਤਰ ਦੇ ਘਰ ਭੋਜਨ ਕਰਨਾ ਅਤੇ ਉਸ ਨੂੰ ਭੋਜਨ ਤੇ ਬੁਲਾਉਣਾ। ਭੋਜਨ ਦੇ ਕਰਨ ਨਾਲ ਇਕ ਦੂਸਰੇ ਨੂੰ ਸਮਝਣ ਦਾ ਚੰਗਾ ਮੌਕਾ ਮਿਲ ਜਾਦਾ ਹੈ। ਇਸ ਬਹਾਨੇ ਇਕ ਦੂਸਰੇ ਦੇ ਪਰਿਵਾਰ ਦੇ ਮੈਂਬਰਾਂ ਨਾਲ

ਮੇਲ ਮਿਲਾਪ ਹੁੰਦਾ ਰਹਿੰਦਾ ਹੈ। ਪਰ ਘਰ ਵਿਚ ਜਾਣ ਸਮੇਂ ਆਪਣੇ ਸੰਜਮ ਵਿਚ ਰਹਿਣਾ ਚਾਹੀਦਾ ਹੈ। ਮਿੱਤਰ ਦੇ ਮਾਂ-ਬਾਪ, ਭੈਣ ਇੱਥੋਂ ਤੱਕ ਕਿ ਪਤਨੀ ਨੂੰ ਵੀ ਭੈਣ ਮੰਨਣਾ ਜ਼ਰੂਰੀ ਹੈ। ਮਨੂਸਮ੍ਰਿਤੀ ਵਿਚ ਤਾਂ ਮਿੱਤਰ ਦੀ ਪਤਨੀ ਨੂੰ ਮਾਂ ਵਰਗਾ ਦਰਜਾ ਦਿੱਤਾ ਗਿਆ ਹੈ।

ਹਰ ਵਿਅਕਤੀ ਦੇ ਮਨ ਵਿਚ ਕੁਝ ਗੁੱਝੇ ਭੇਦ ਹੁੰਦੇ ਹਨ ਜਿਨ੍ਹਾਂ ਨੂੰ ਉਹ ਹਰੇਕ ਅੱਗੇ ਪ੍ਰਗਟ ਨਹੀਂ ਕਰ ਸਕਦਾ। ਮਿੱਤਰ ਤੋਂ ਇਲਾਵਾ ਕੋਈ ਚੰਗੀ ਥਾਂ ਇਨ੍ਹਾਂ ਭੇਦਾਂ ਸਮੱਸਿਆਵਾਂ ਨੂੰ ਦੱਸਣ ਦੀ ਸੰਸਾਰ ਵਿਚ ਹੋਰ ਕਿਤੇ ਨਹੀਂ। ਮਿੱਤਰ ਇਕ ਭਾਵ ਹੈ। ਜੈਨ ਧਰਮ ਵਿਚ ਸੰਸਾਰ ਦੇ ਹਰ ਪ੍ਰਾਣੀਆਂ ਨਾਲ ਮੈਤਰੀ ਦਿਵਸ (ਪ੍ਰਯੂਸ਼ਨ) ਮਨਾਇਆ ਜਾਂਦਾ ਹੈ। ਇਸੇ ਪ੍ਰਕਾਰ ਮਿੱਤਰ ਦੇ ਮਨ ਦੇ ਭੇਦ ਵੀ ਜਾਣ ਕੇ ਉਨ੍ਹਾਂ ਨੂੰ ਹੱਲ ਕਰਨ ਵਿਚ ਸ਼ਕਤੀ ਅਨੁਸਾਰ ਸਹਿਯੋਗ ਦੇਣਾ ਚਾਹੀਦਾ ਹੈ। ਇਹ ਮਨ ਦੇ ਭੇਦ ਦੋ ਵਿਅਕਤੀਆਂ ਵਿਚ ਰਹਿਣੇ ਚਾਹੀਦੇ ਹਨ, ਤੀਸਰੇ ਵਿਚ ਨਹੀਂ।

ਇਸੇ ਪ੍ਰਕਾਰ ਪਿਆਰੇ ਮਿੱਤਰ ਨੂੰ ਯੋਗ ਸਮੇਂ ਉੱਤਮ ਤੋਹਫ਼ੇ ਯਥਾ ਸ਼ਕਤੀ ਦੇਵੋ ਅਤੇ ਮਿੱਤਰ ਤੋਂ ਤੋਹਫ਼ੇ ਵੀ ਲਵੋ।

कोवि न अवमन्निज्जइ नय गविज्जइ गुणेहिं निअपहिं ।

न विम्हओ वहिज्जइ वहु रयणा जेणिमा पुहवी ।।२२।।

ਸ਼ਲੋਕ 22 : ਕਿਸੇ ਦੀ ਬੇਇੱਜ਼ਤੀ ਨਾ ਕਰਨਾ, ਆਪਣੇ ਗੁਣਾਂ ਦਾ ਘਮੰਡ

ਨਾ ਕਰਨਾ, ਮੋਹ ਵਿਕਾਰ ਤੋਂ ਦੂਰ ਰਹਿਣਾ ਇਹ ਧਰਮ ਤੇ ਨਜ਼ਰ ਆਉਣ ਵਾਲੇ ਰਤਨ ਹਨ।

ਟੀਕਾ : ਆਚਾਰਿਆ ਸ਼੍ਰੀ ਪਦਮ ਜਿਨੇਸ਼ਵਰ ਸੂਰੀ ਨੇ ਧਰਤੀ ਤੇ ਰਤਨ ਲੱਭਣ ਦੀ ਕਲਾ ਦੱਸਦਿਆਂ ਫੁਰਮਾਇਆ ਹੈ ਕਿ ਸਮਝਦਾਰ ਮਨੁੱਖ ਨੂੰ ਕਿਸੇ ਦੀ ਵੀ ਬੇਇੱਜ਼ਤੀ; ਅਪਮਾਨ ਨਹੀਂ ਕਰਨਾ ਚਾਹੀਦਾ। ਕਿਸੇ ਦੇ ਮਨ ਨੂੰ ਦੁੱਖਾਉਣ ਵਾਲੇ ਵਚਨ ਨਹੀਂ ਬੋਲਣੇ ਚਾਹੀਦੇ। ਕਿਸੇ ਵਿਅਕਤੀ ਦਾ ਅਪਮਾਨ, ਸਾਰੀ ਮਨੁੱਖ ਜਾਤੀ ਦਾ ਅਪਮਾਨ ਹੈ। ਇਕੱਲੇ ਮਨੁੱਖ ਦਾ ਨਹੀਂ। ਕਿਸੇ ਤਰ੍ਹਾਂ ਦਾ ਅਪਮਾਨ ਮਨੁੱਖ ਵਿਚ ਵੈਰ ਵਿਰੋਧ ਰਾਗ-ਦਵੇਸ਼ ਨੂੰ ਜਨਮ ਦਿੰਦਾ ਹੈ। ਰਾਗ ਦਵੇਸ਼ ਕਰਮਬੰਧ ਦੇ ਬੀਜ ਹਨ। ਕਰਮ ਬੰਧ ਜਨਮ-ਮਰਨ ਦਾ ਕਾਰਨ ਹੈ।

ਧਰਤੀ ਤੇ ਦੂਸਰਾ ਰਤਨ ਹੈ ਆਪਣੇ ਗੁਣਾਂ ਦਾ ਘਮੰਡ ਕਰਨਾ। ਘਮੰਡ ਕਿਸੇ ਵੀ ਤਰ੍ਹਾਂ ਦਾ ਹੋਵੇ ਮਾੜਾ ਹੈ। ਘਮੰਡ ਕਾਰਨ ਜੀਵ ਆਤਮ ਪ੍ਰਸ਼ੰਸਾ ਵਿਚ ਫਸਦਾ ਹੈ। ਘਮੰਡੀ ਵਿਅਕਤੀ ਪਾਪਾਂ ਦੀ ਆਲੋਚਨਾ ਨਹੀਂ ਕਰਦਾ। ਸੋ ਹਰ ਪ੍ਰਕਾਰ ਦਾ ਘਮੰਡ ਪਾਪਾਂ ਨੂੰ ਜਨਮ ਦੇਣ ਵਾਲਾ ਹੈ। ਸ਼ਾਸਤਰਾਂ ਵਿਚ ਅੱਠ ਪ੍ਰਕਾਰ ਦੇ ਹੰਕਾਰ (ਮੱਦ) ਦੱਸੇ ਗਏ ਹਨ।

ਤੀਸਰਾ ਗੁਣ ਵਿਕਾਰ ਰਹਿਤ ਜੀਵਨ ਗੁਜ਼ਾਰਨਾ ਹੈ। ਸੰਸਾਰ ਵਿਚ ਵਿਕਾਰ ਵਾਲਾ ਜੀਵ ਹਰ ਪ੍ਰਕਾਰ ਦੇ ਪਾਪ ਕਰਦਾ ਹੈ। ਇਨ੍ਹਾਂ ਘਮੰਡ ਆਦਿ ਵਿਕਾਰਾਂ ਤੇ ਕਾਬੂ ਪਾਉਣ ਵਾਲਾ ਮਿੱਥਿਆ ਦ੍ਰਿਸ਼ਟੀ (ਕੂੜ) ਨੂੰ ਛੱਡ

ਕੇ ਸਮਿਅੱਕਤਵ ਨੂੰ ਗ੍ਰਹਿਣ ਕਰਦਾ ਹੈ।

ਸ਼ਾਸਤਰਕਾਰ ਨੇ ਫੁਰਮਾਇਆ ਹੈ ਕਿ ਜੋ ਜੀਵ ਇਨ੍ਹਾਂ ਗੁਣਾਂ ਨੂੰ ਧਾਰਨ ਕਰਦਾ ਹੈ, ਉਸ ਨੂੰ ਕਿਸੇ ਪ੍ਰਕਾਰ ਦਾ ਸੰਸਾਰਿਕ ਕਸ਼ਟ ਕਲੇਸ਼ ਉਤਪੰਨ ਨਹੀਂ ਹੁੰਦਾ। ਜੀਵ ਹਮੇਸ਼ਾ ਆਤਮਿਕ ਪ੍ਰਸੰਨਤਾ ਹਾਸਲ ਕਰਦਾ ਹੈ। ਖਿਮਾ ਆਦਿ 10 ਪ੍ਰਕਾਰ ਦੇ ਧਰਮ ਨੂੰ ਧਾਰਣ ਕਰਕੇ ਸਾਧੂ ਜਾਂ ਗ੍ਰਹਿਸਥ ਧਰਮ ਦਾ ਪਾਲਨ ਕਰਦਾ ਹੈ ਅਤੇ ਵਰਤਾਂ ਦਾ ਪਾਲਣ ਕਰਦਾ ਹੋਇਆ ਮੋਕਸ਼ ਨੂੰ ਪ੍ਰਾਪਤ ਕਰਦਾ ਹੈ।

ਅੱਗੇ ਆਚਾਰਿਆ ਸ਼੍ਰੀ ਪਦਮ ਜਿਨੇਸ਼ਵਰ ਸੂਰੀ ਜੀ ਮਹਾਰਾਜ ਉਹ ਰਾਹ ਦੱਸਦੇ ਹਨ ਜਿਸ ਤੇ ਚੱਲਣ ਨਾਲ ਜੀਵ ਸੱਚੀ ਉੱਚਤਾ ਨੂੰ ਪ੍ਰਾਪਤ ਕਰਦਾ ਹੈ।

आरंभिज्जइ लहुअं किज्जइ कज्ज महंत मवि पच्छा ।

न य उक्करिसो किज्जइ लब्भइ गुरू अत्तणं जेण ।।२३।।

ਸ਼ਲੋਕ 23 : ਸਭ ਤੋਂ ਪਹਿਲਾਂ ਛੋਟਾ ਕੰਮ ਕਰਨਾ ਚਾਹੀਦਾ ਹੈ। ਉਸ ਤੋਂ ਬਾਅਦ ਵੱਡੇ ਕੰਮ ਨੂੰ ਹੱਥ ਪਾਉਣਾ ਚਾਹੀਦਾ ਹੈ ਅਤੇ ਕਿਸੇ ਕਿਸਮ ਦੀ ਯੋਗਤਾ ਪ੍ਰਾਪਤ ਕਰਕੇ ਹੰਕਾਰ ਨਹੀਂ ਕਰਨਾ ਚਾਹੀਦਾ। ਇਸ ਨਾਲ ਮਹਾਨਤਾ ਪ੍ਰਾਪਤ ਹੁੰਦੀ ਹੈ।

ਟੀਕਾ : ਆਚਾਰਿਆ ਸ਼੍ਰੀ ਪਦਮ ਜਿਨੇਸ਼ਵਰ ਸੂਰੀ ਜੀ ਮਹਾਰਾਜ ਸੱਚੀ ਮਹਾਨਤਾ ਦਾ ਸਾਰ ਦੱਸਦੇ ਹੋਏ ਫੁਰਮਾਉਂਦੇ ਹਨ ਕਿ ਸੰਸਾਰ ਵਿਚ ਕੋਈ ਵੀ

ਛੋਟਾ ਜਾਂ ਵੱਡਾ ਨਹੀਂ ਹੁੰਦਾ। ਹਰ ਛੋਟਾ ਕੰਮ ਹੀ ਵੱਡਾ ਬਣਦਾ ਹੈ। ਬਿੰਦੂ ਤੋਂ ਸਿੰਧੂ ਬਣਦਾ ਹੈ। ਹਰ ਕਤਰੇ ਦਾ ਦਰਿਆ ਬਣਦਾ ਹੈ। ਇਹ ਜੀਵ ਵੀ ਜਦ ਪੈਦਾ ਹੁੰਦਾ ਹੈ ਉਹ ਛੋਟਾ ਹੀ ਹੁੰਦਾ ਹੈ। ਸੋ ਛੋਟਾ ਸਿਰਫ਼ ਛੋਟਾ ਹੈ ਇਸ ਕਰਕੇ ਉਸ ਤੋਂ ਭੱਜਣਾ ਬੇਵਕੂਫ਼ੀ ਹੈ। ਇਕ ਬੀਜ ਤੋਂ ਹੀ ਬੂਟਾ, ਫੁੱਲ ਤੇ ਫਲ ਪੈਦਾ ਹੁੰਦੇ ਹਨ। ਸੋ ਸਮਝਦਾਰੀ ਇਸ ਗੱਲ ਵਿਚ ਹੈ ਕਿ ਕੰਮ ਥੋੜ੍ਹੇ ਸਤਰ ਤੇ ਸ਼ੁਰੂ ਕਰਨਾ ਚਾਹੀਦਾ ਹੈ। ਜਦ ਇਸ ਵਿਚ ਸਫਲਤਾ ਮਿਲੇ ਤਾਂ ਫਿਰ ਵੱਡੇ ਸਤਰ ਤੇ ਵੀ ਕਰ ਲੈਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਜੀਵ ਨੂੰ ਕਿਸੇ ਪ੍ਰਕਾਰ ਦਾ ਘਾਟਾ, ਮੰਦਾ ਜਾਂ ਦੁੱਖ ਨਹੀਂ ਉਪਜਦਾ।

ਛੋਟੇ ਕੰਮ ਤੋਂ ਵੱਡੇ ਕੰਮ ਨੂੰ ਹੱਥ ਪਾਉਣ ਨਾਲ ਉਸ ਦੀਅ ਸਫਲਤਾ ਵਿਚ ਆਉਣ ਵਾਲੀਆਂ ਰੁਕਾਵਟਾਂ ਦੂਰ ਹੋ ਜਾਂਦੀਆਂ ਹਨ।

ਜਦ ਮਨੁੱਖ ਛੋਟੇ ਕੰਮ ਤੋਂ ਵੱਡੇ ਕੰਮ ਵਿਚ ਸਫਲਤਾ ਪ੍ਰਾਪਤ ਕਰਦਾ ਹੈ ਤਾਂ ਧਨ-ਸੰਪਤੀ ਵਿਚ ਵਾਧਾ ਹੋਣਾ ਸਹਿਜ ਹੈ। ਧਨ ਸੰਪਤੀ ਦਾ ਵਾਧਾ ਕਈ ਤਰ੍ਹਾਂ ਦੇ ਹੰਕਾਰ ਨੂੰ ਪੈਦਾ ਕਰਦਾ ਹੈ। ਹੰਕਾਰ ਹਰ ਤਰ੍ਹਾਂ ਦੀ ਤਰੱਕੀ ਵਿਚ ਮੁੱਖ ਰੁਕਾਵਟ ਹੈ। ਜੀਵ ਨੂੰ ਹਰ ਕਦਮ ਤੇ ਸਫਲਤਾ ਪਾ ਕੇ ਹੰਕਾਰ ਤੋਂ ਬਚਣਾ ਚਾਹੀਦਾ ਹੈ। ਹੰਕਾਰ ਕਰਨਾ ਕਰਮ-ਬੰਧ (ਸੰਗ੍ਰਹਿ) ਦਾ ਮੁੱਖ ਕਾਰਨ ਹੈ। ਕਰਮ ਬੰਧ ਆਵਾਗਮਨ ਦਾ ਕਾਰਨ ਹੈ। ਜਨਮ, ਬੁਢਾਪਾ ਦੁੱਖ ਦਾ ਕਾਰਨ ਹੈ। ਸੋ ਛੋਟੇ ਕੰਮ ਨੂੰ ਪਿਆਰ ਤੇ ਧਿਆਨ ਕਰਨ ਵਾਲਾ, ਛੋਟੇ ਤੋਂ ਵੱਡਾ ਕੰਮ ਕਰਨ ਵਾਲਾ ਅਤੇ ਹੰਕਾਰ ਰਹਿਤ ਪ੍ਰਾਣੀ ਹੀ ਉੱਚਤਾ

ਪ੍ਰਾਪਤ ਕਰਦਾ ਹੈ।

झाइज्जई परमप्पा अप्प समाणो गाणिज्जइ परो ।

किज्जइ न राग दोसो छिन्निज्जइ तेण संसारो ।।२४।।

ਸ਼ਲੋਕ 24 : ਤੀਰਥੰਕਰ (ਪ੍ਰਮਾਤਮਾ) ਦਾ ਧਿਆਨ ਕਰਨਾ ਚਾਹੀਦਾ ਹੈ। ਦੂਸਰੇ ਨੂੰ ਆਪਣੇ ਸਮਾਨ ਸਮਝਣਾ। ਰਾਗ ਦਵੇਸ਼ ਨਹੀਂ ਕਰਨਾ ਚਾਹੀਦਾ। ਇਸ ਤਰ੍ਹਾਂ ਨਾਲ ਸੰਸਾਰ ਦੇ ਆਵਾ-ਗਮਨ ਦੇ ਚੱਕਰ ਸਮਾਪਤ ਕਰਕੇ ਜੀਵ ਮੋਕਸ਼ ਹਾਸਲ ਕਰਦਾ ਹੈ।

ਟੀਕਾ : ਸ਼ਾਸਤਰਕਾਰ ਨੇ ਉਹ ਢੰਗ ਦੱਸਿਆ ਹੈ ਜਿਸ ਨਾਲ ਆਤਮਾ ਜਨਮ ਮਰਨ ਦੇ ਚੱਕਰ ਤੋਂ ਛੇਤੀ ਹੀ ਛੁੱਟ ਜਾਂਦੀ ਹੈ। ਸ਼ਾਸਤਰਕਾਰ ਨੇ ਇਸ ਲਈ ਤਿੰਨ ਹਿਦਾਇਤਾਂ ਦੱਸੀਆਂ ਹਨ।

ਸਭ ਤੋਂ ਪਹਿਲਾਂ ਵੀਤਰਾਗ-ਤੀਰਥੰਕਰ-ਅਰਿਹੰਤ ਪ੍ਰਮਾਤਮਾ ਦਾ ਧਿਆਨ ਕਰਨਾ ਚਾਹੀਦਾ ਹੈ ਕਿਉਂਕਿ ਰਾਗ-ਦਵੇਸ਼ ਮੁਕਤ ਆਤਮਾ ਦਾ ਧਿਆਨ ਕਰਨ ਨਾਲ ਆਤਮਾ ਰਾਗ-ਦਵੇਸ਼ ਤੋਂ ਮੁਕਤ ਹੋ ਕੇ ਅਰਿਹੰਤ ਅਵਸਥਾ ਪ੍ਰਾਪਤ ਕਰ ਲੈਂਦੀ ਹੈ। ਅਰਿਹੰਤ ਅਵਸਥਾ ਆਤਮਾ ਦਾ ਆਖ਼ਿਰੀ ਜਨਮ ਹੁੰਦਾ ਹੈ। ਅਰਿਹੰਤ ਤੋਂ ਬਾਅਦ ਆ ਤਮਾ ਜਨਮ ਮਰਨ ਤੋਂ ਛੁਟਕਾਰਾ ਪ੍ਰਾਪਤ ਕਰਕੇ ਸਿੱਧ ਅਵਸਥਾ ਨੂੰ ਪ੍ਰਾਪਤ ਕਰ ਲੈਂਦੀ ਹੈ।

ਪ੍ਰਮਾਤਮਾ ਦੇ ਧਿਆਨ ਕਰਨ ਤੋਂ ਬਾਅਦ ਦੂਸਰੀ ਗੱਲ ਹੈ ਕਿ ਸੰਸਾਰ ਦੇ ਜੀਵਾਂ ਨੂੰ ਆਪਣੀ ਤਰ੍ਹਾਂ ਸਮਝੋ। ਕੋਈ ਜੀਵ ਆਪਣੀ ਆਤਮਾ

ਨੂੰ ਦੂਸਰੇ ਦੀ ਆਤਮਾ ਦੇ ਤੁਲ ਸਮਝਦਾ ਹੈ ਤਾਂ ਉਸ ਜੀਵ ਵਿਚ ਅਹਿੰਸਾ ਦੀ ਭਾਵਨਾ ਜਾਗਦੀ ਹੈ, ਰਹਿਮ ਜਾਗਦਾ ਹੈ। ਖਿਮਾ ਭਾਵ ਪ੍ਰਗਟ ਹੁੰਦਾ ਹੈ। ਅਹਿੰਸਾ ਦਾ ਰਾਹੀ ਨਾ ਤਾਂ ਝੂਠ ਬੋਲਦਾ ਹੈ, ਨਾ ਚੋਰੀ ਕਰਦਾ ਹੈ। ਉਹ ਵਿਭਚਾਰ ਅਤੇ ਸੰਪਤੀ ਸੰਗ੍ਰਹਿ ਵਿਚ ਨਹੀਂ ਫਸਦਾ। ਜੀਵ ਨੂੰ ਆਪਣੇ ਸਮਾਨ ਸਮਝਣ ਵਾਲਾ ਕਿਸੇ ਦਾ ਕਿਸੇ ਵੀ ਪੱਖੋਂ ਨੁਕਸਾਨ ਕਰਨ ਦੀ ਨਹੀਂ ਸੋਚ ਸਕਦਾ।

ਸੰਸਾਰ ਵਿਚ ਹਮਦਰਦੀ ਦਾ ਵਾਤਾਵਰਨ ਅਜਿਹਾ ਜੀਵ ਹੀ ਪੈਦਾ ਕਰ ਸਕਦਾ ਹੈ ਜੋ ਸਾਰੇ ਜੀਵਾਂ ਦੀ ਆਤਮਾ ਨੂੰ ਆਪਣੀ ਆਤਮਾ ਦੀ ਤਰ੍ਹਾਂ ਸਮਝਦਾ ਹੈ। ਸਭ ਜੀਵਾਂ ਪ੍ਰਤੀ ਹਮਦਰਦੀ, ਸਹਿਨਸ਼ੀਲਤਾ, ਭਾਈਚਾਰਾ, ਰਹਿਮ, ਨਿਸਵਾਰਥ ਪ੍ਰੇਮ, ਸਵਾਰਥ ਦਾ ਤਿਆਗ। ਇਹ ਗੁਣਾਂ ਦਾ ਧਾਰਕ ਹੀ ਆਪਣੀ ਤਰ੍ਹਾਂ ਹੋਰ ਜੀਵਾਂ ਨੂੰ ਮਨ ਸਕਦਾ ਹੈ। ਇਨ੍ਹਾਂ ਗੁਣਾਂ ਦਾ ਵਿਕਾਸ ਹਰੇਕ ਜੀਵ ਨੂੰ ਕਰਨਾ ਚਾਹੀਦਾ ਹੈ। ਇਹ ਸਮਾਨਤਾ ਭਾਵ ਨਾਲ ਜੀਵ ਗਿਆਨ, ਦਰਸ਼ਨ ਚਾਰਿੱਤਰ ਦੀ ਸੱਚੀ ਉਪਾਸਨਾ ਕਰ ਸਕਦਾ ਹੈ। ਅਜਿਹੇ ਵਿਚਾਰਾਂ ਵਾਲਾ ਮਹਾਵਰਤਾਂ ਜਾਂ ਅਨੁਵਰਤਾਂ ਰਾਹੀਂ ਸਾਧੂ ਧਰਮ ਜਾਂ ਗ੍ਰਹਿਸਥ ਧਰਮ ਅੰਗੀਕਾਰ ਕਰਦਾ ਹੈ। ਵਰਤ ਤੋਂ ਬਿਨਾਂ ਕੋਈ ਵੀ ਜੀਵ ਆਤਮ ਗਿਆਨ ਪ੍ਰਾਪਤ ਨਹੀਂ ਕਰ ਸਕਦਾ।

ਤੀਸਰੀ ਗੱਲ ਬਹੁਤ ਮਹੱਤਵਪੂਰਨ ਹੈ ਕਿ ਜੀਵ ਨੂੰ ਰਾਗ ਅਤੇ ਦਵੇਸ਼ ਨਹੀਂ ਕਰਨਾ ਚਾਹੀਦਾ। ਰਾਗ ਤੋਂ ਭਾਵ ਚੰਗੇ ਪ੍ਰਤੀ ਲਗਾਵ ਹੈ, ਦਵੇ

ਸ਼ ਤੋਂ ਭਾਵ ਮਾੜੇ ਪ੍ਰਤੀ ਨਫ਼ਰਤ। ਜੀਵ ਨੂੰ ਰਾਗ-ਦਵੇਸ਼ ਤੋਂ ਰਹਿਤ ਹੋ ਕੇ ਸਮਭਾਵ ਜਾਂ ਸਮਤਾ ਵਿਚ ਜਿਉਣਾ ਚਾਹੀਦਾ ਹੈ। ਰਾਗ-ਦਵੇਸ਼ ਜਨਮ ਮਰਨ ਦਾ ਪ੍ਰਮੁੱਖ ਕਾਰਨ ਹੈ। ਰਾਗ ਦਵੇਸ਼ ਕਾਰਨ ਆਤਮਾ ਤੇ ਕਰਮਾਂ ਦਾ ਚੱਕਰ ਚੱਲਦਾ ਰਹਿੰਦਾ ਹੈ। ਰਾਗ ਦਵੇਸ਼ ਛੱਡਣਾ ਔਖਾ ਹੈ। ਸੰਸਾਰ ਵਿਚ ਪਰਿਗ੍ਰਹਿ (ਸੰਪਤੀ ਦਾ ਜ਼ਰੂਰਤ ਤੋਂ ਜ਼ਿਆਦਾ ਸੰਗ੍ਰਹਿ) ਹੀ ਰਾਗ-ਦਵੇਸ਼ ਦਾ ਕਾਰਨ ਹੈ। ਰਾਗ ਦਵੇਸ਼ ਕਾਰਨ ਮਨੁੱਖ ਹਰ ਪ੍ਰਕਾਰ ਦੇ ਪਾਪ ਕਰਦਾ ਹੈ। ਮਿੱਥਿਆਤਵ ਕਾਰਨ ਜੀਵ ਆਪਣੀ ਆਤਮਾ ਨੂੰ ਭਟਕਾਉਂਦਾ ਹੈ। ਆਤਮਾ ਅਗਿਆਨ ਅਵਸਥਾ ਵਿਚ ਰਾਗ ਦਵੇਸ਼ ਕਾਰਨ ਫਸਦੀ ਹੈ। ਸੱਚੇ ਦੇਵ ਗੁਰੂ ਅਤੇ ਧਰਮ ਦੀ ਪ੍ਰਾਪਤੀ ਨਹੀਂ ਹੁੰਦੀ। ਮਿੱਥਿਆਤਵ ਕਾਰਨ ਮਨੁੱਖ ਦੇਵ ਦੀ ਥਾਂ ਤੇ ਕੁਦੇਵ, ਗੁਰੂ ਦੀ ਥਾਂ ਕੁਗੁਰੂ ਅਤੇ ਧਰਮ ਦੀ ਥਾਂ ਅਧਰਮ ਦਾ ਆਚਰਨ ਕਰਦਾ ਹੈ। ਜੀਵ ਹਨੇਰੇ ਵਿਚ ਘੁੰਮਦਾ ਰਹਿੰਦਾ ਹੈ। ਉਹ ਪ੍ਰਕਾਸ਼ ਨੂੰ ਹਨੇਰਾ ਸਮਝਦਾ ਹੈ। ਰਾਗ-ਦਵੇਸ਼ ਕਾਰਨ ਜੀਵ ਸਮਿੱਅਕਤਵ (ਸਹੀ) ਤੋਂ ਮੀਲਾਂ ਦੂਰ ਰਹਿੰਦਾ ਹੈ। ਰਾਗ ਦਵੇਸ਼ ਕਾਰਨ ਜੀਵ ਅਨੇਕਾਂ ਪਾਪਾਂ ਦਾ ਸੇਵਨ ਕਰਦਾ ਹੋਇਆ ਨਰਕ ਅਤੇ ਪਸ਼ੂ ਆਦਿ ਗਤੀਆਂ ਨੂੰ ਪ੍ਰਾਪਤ ਹੋ ਕੇ ਦੁੱਖ ਭੋਗਦਾ ਹੈ। ਆਚਾਰਿਆ ਸ਼੍ਰੀ ਪਦਮ ਜਿਨੇਸ਼ਵਰ ਸੂਰੀ ਜੀ ਨੇ ਸੰਸਾਰ ਨੂੰ ਖ਼ਤਮ ਕਰਨ ਦੇ ਤਿੰਨ ਰਾਹ ਦੱਸੇ ਹਨ। (1) ਪਰਮਾਤਮਾ ਦਾ ਧਿਆਨ ਕਰਨਾ (ਕਿਉਂਕਿ ਉਹ ਰਾਗ-ਦਵੇਸ਼ ਤੋਂ ਮੁਕਤ ਹੈ) (2) ਆਪਣੇ ਤਰ੍ਹਾਂ ਦੂਸਰੀ ਆਤਮਾ ਨੂੰ ਸਮਝਣਾ (3) ਰਾਗ ਦਵੇਸ਼ ਨਾ ਕਰਨਾ।

ਸਲੋਕ 24-25 : ਇਸ ਤਰ੍ਹਾਂ (ਉਪਰ ਦੱਸੇ ਅਨੁਸਾਰ) ਜੋ ਮਨੁੱਖ ਉਪਦੇਸ ਰਤਨ ਰੂਪੀ ਮਾਲਾ ਨੂੰ ਚੰਗੀ ਤਰ੍ਹਾਂ ਗਲ ਵਿਚ ਧਾਰਨ ਕਰਦਾ ਹੈ। ਉਹ ਮਨੁੱਖ ਸ਼ਿਵ (ਮੋਕਸ਼) ਸੁੱਖ (ਆਤਮਿਕ ਸੁੱਖ) ਲਕਸ਼ਮੀ (ਮੋਕਸ਼) ਨੂੰ ਆਪਣੀ ਇੱਛਾ ਅਨੁਸਾਰ ਪ੍ਰਾਪਤ ਕਰਦਾ ਹੈ। ਇਹ ਤਿੰਨੇ ਵਸਤਾਂ ਉਸ ਦੀ ਛਾਤੀ ਤੇ ਉਸ ਦੀ ਆਪਣੀ ਇੱਛਾ ਅਨੁਸਾਰ ਨਿਵਾਸ ਕਰਦੀਆਂ ਹਨ।

ਇਸ ਤਰ੍ਹਾਂ ਪਦਮ ਜਿਨੇਸ਼ਵਰ ਸੂਰੀ ਜੀ ਦੇ ਵਚਨ ਦੀ ਰਚਨਾ ਬਹੁਤ ਹੀ ਰਮਨੀਕ ਅਤੇ ਵਿਸਥਾਰ ਇਸ ਉਪਦੇਸ਼ ਰੂਪੀ ਮਾਲਾ ਨੂੰ ਗੱਲ ਵਿਚ ਧਾਰਨ ਕਰਨ ਵਾਲਾ ਮਨੁੱਖ ਕਦੇ ਵੀ ਦੁਖੀ ਨਹੀਂ ਹੋਵੇਗਾ।

उवएस रयेण मालं जो एवं ठवइ सुट्ठु निअकंठे ।
से नर सिव सुहलच्छी वच्छयेल रमई सत्थाइ ।।२५।।
ए अं पउमजिणेसर सूरि वयणगुंफ रम्मिअं वहउ
भव्य जणो कंठ गयं धिउलं उवएस माल गिणं ।।२६।।

ਟੀਕਾ : ਸਲੋਕ 25-26 ਵਿਚ ਗ੍ਰੰਥਕਾਰ ਸ੍ਰੀ ਪਦਮ ਜਿਨੇਸ਼ਵਰ ਸੂਰੀ ਜੀ ਮਹਾਰਾਜ ਨੇ ਆਪਣੇ ਗ੍ਰੰਥ ਦਾ ਮਹੱਤਵ ਦੱਸਿਆ ਹੈ। ਉਹ ਆਖਦੇ ਹਨ ਕਿ ਜੋ ਮਨੁੱਖ ਇਸ ਉਪਦੇਸ਼ ਰਤਨ ਮਾਲਾ ਨੂੰ ਚੰਗੀ ਤਰ੍ਹਾਂ ਗਲ ਵਿਚ ਧਾਰਨ ਕਰਦਾ ਹੈ, ਉਸ ਨੂੰ ਤਿੰਨ ਫਲਾਂ ਦੀ ਪ੍ਰਾਪਤੀ ਉਸੇ ਸਮੇਂ ਹੁੰਦੀ ਹੈ। ਪਹਿਲਾ ਹੈ ਮੋਕਸ਼। ਉਸ ਦੀ ਆਤਮਾ ਜਨਮ ਮਰਨ ਤੇ ਬੰਧਨ ਤੋਂ ਛੁਟਕਾਰਾ ਪਾ ਲੈਂਦੀ

ਹੈ। ਜੋ ਸਿਵ ਪਦ ਲਈ ਆਤਮਾ ਨੇ ਵਾਰ ਜਨਮ ਮਰਨ ਪ੍ਰਾਪਤ ਕੀਤਾ ਹੈ। ਉਹ ਸ਼ਿਵ ਪਦ ਪ੍ਰਾਪਤ ਹੋ ਜਾਂਦਾ ਹੈ। ਦੂਸਰਾ ਫਲ ਹੈ ਸੱਚਾ ਆਤਮਿਕ ਸੁੱਖ। ਜਦ ਤੱਕ ਮਨੁੱਖ ਸੰਸਾਰ ਵਿਚ ਰਹਿੰਦਾ ਹੈ ਉਸ ਨੂੰ ਕਿਸੇ ਪ੍ਰਕਾਰ ਦਾ ਵੀ ਦੁੱਖ ਨਹੀਂ ਹੁੰਦਾ ਅਤੇ ਤੀਸਰਾ ਫਲ ਹੈ ਉਸ ਨੂੰ ਮੋਕਸ਼ ਰੂਪੀ ਲਕਸ਼ਮੀ ਦੀ ਪ੍ਰਾਪਤੀ ਹੁੰਦੀ ਹੈ। ਇਹ ਤਿੰਨੇ ਫਲਾਂ ਦਾ ਹਾਰ ਉਸ ਦੀ ਛਾਤੀ ਦੀ ਸ਼ੋਭਾ ਬਣਦਾ ਹੈ।

ਅਗਲੇ ਸ਼ਲੋਕ ਵਿਚ ਵੀ ਆਚਾਰਿਆ ਜੀ ਨੇ ਇਹੋ ਭਾਵ ਪ੍ਰਗਟਾਏ ਹਨ ਕਿ ਪਦਮ ਸ਼੍ਰੀ ਜਿਨੇਸ਼ਵਰ ਸੂਰੀ ਜੀ ਦੇ ਦਿਲ ਨੂੰ ਛੋਹਣ ਵਾਲੇ ਖ਼ੂਬਸੂਰਤ ਵਚਨਾਂ ਨੂੰ ਗਲ ਵਿਚ ਧਾਰਨ ਕਰੋ।